# ਭਲਾ
# ਦੇਹ ਸ਼ਿਵਾ ਬਰ ਮੋਹਿ . . . ਦਾ
# ਕੌਣ ਹੈ, ਇਸ਼ਟ ?

 ਯਾ ੴ

ਦੇਵੀ **ਦੁਰਗਾ** ? ਯਾ ੴ ?

**ਪੜ੍ ਕੇ ਕਰੋ, . . . ਤੁਸੀ ਫੈਸਲਾ ।**

## ਅਤੇ, ਕੀ ਦੇਹ ਸ਼ਿਵਾ ਬਰ ਮੋਹਿ ਕਥਿੱਤ-Sikh National Anthem
## . . . ਗੁਰੂ ਗੋਬਿੰਦ ਸਿੰਘ ਸਾਹਿਬ ਕ੍ਰਿਤ ਹੈ ?

ਇਹ ਤਕਰੀਬਨ ਸਾਰੇ ਸਿਖਾਂ ਨੂ ਪਤਾ ਹੈ । ਕਿ ਜਦ ਵੀ ਉਨਾਂ ਨੇ ਕਿਧਰੇ ਆਪਣਾ, ਗੁਰੂ ਗੋਬਿੰਦ ਸਿੰਘ ਸਾਹਿਬ ਪ੍ਤੀ ਸ਼ਰਧਾ ਯਾ ਜੋਸ਼ ਦਾ ਪ੍ਦਰਸ਼ਣ ਕਰਨਾ ਹੋਵੇ । ਤਾਂ ਉਹ ਬੜੇ ਜੋਸ਼ ਅਤੇ ਜ਼ੋਰ ਨਾਲ "ਦੇਹਿ ਸ਼ਿਵਾ ਬਰ ਮੁਹਿ ਇਹੈ . . .", ਇਹ ਸਮਝ ਕੇ ਪੜਦੇ ਹਨ । ਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾਂ ਹੈ । ਚਾਹੇ, ਇਹ ਇਸ ਤਰਾਂ ਦਾ ਵਿਸ਼ਾਲ ਇਕਠ ਕਿਸੇ ਸਕੂਲ ਵਿਚ ਹੋਵੇ, ਯਾ ਕਿਸੇ ਦੀਵਾਨ, ਪਰੇਡ, ਸਿਖ ਕੈਂਪ ਯਾ ਗੁਰਦਵਾਰਾ ਸਾਹਿਬ ਵਿਚ ਹੋਵੇ ।

ਸੋ ਇਹ ਦੇਖਣ ਲਈ ਕਿ, ਕੀ ਇਹ ਸੱਚ ਹੈ? ਯਾ ਸਿਰਫ ਇਕ ਛਿਲਾਵਾ? ਕਿ "ਦੇਹਿ ਸ਼ਿਵਾ ਬਰ ਮੁਹਿ ਇਹੈ", ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾਂ ਹੈ । ਅਤੇ ਜੇ, ਇਹ, ਉਨਾਂ ਨੇ ਨਹੀਂ ਲਿਖਿਆ, ਤਾਂ ਕਿਸ ਨੇ ਲਿਖਿਆ ਹੈ? ਸੋ ਇਹ ਸਭ ਕਾਸੇ ਲਈ, ਆਾਉ ਕਥਿੱਤ-ਦਗ ਵਿਚ ਇਸ ਦੇ ਅਸਲੀ ਥਾਂ, ਅਤੇ ਆਲੇ ਦੁਆਲੇ ਦੇ ਦਰਸ਼ਣ ਕਰੀਏ ।

ਉਨਾਂ ਸਿੱਖਾਂ ਦੀ ਜਾਣਕਾਰੀ ਲਈ, ਜਿਹੜੇ ਕਿ ਇਹ ਸਮਝਦੇ ਹੋਣ, ਕਿ ਇਹ ਰਚਨਾਂ 'ਗੁਰੂ ਗ੍ਰੰਥ ਸਾਹਿਬ' ਵਿਚੋਂ ਹੈ । ਇਹ ਰਚਨਾ, 'ਗੁਰੂ ਗ੍ਰੰਥ ਸਾਹਿਬ' ਵਿਚੋਂ  ਨਹੀ ਹੈ । ਬਲਕਿ, ਇਹ ਰਚਨਾ, ਕਥਿੱਤ-ਦਸਮ ਗ੍ਰੰਥ ਦੇ ਪੰਨਾ ੯੯ ਉਪਰ "ਚੰਡੀ ਚਰਿਤ੍ ਉਕਤ ਬਿਲਾਸ" ਦੀ **੨੩੧ਵੀ ਪਉੜੀ** ਦੇ ਤੌਰ ਤੇ ਸਭਾਇਮਾਨ ਹੈ ॥ ਇਸ ਲਈ ਆਪਣੇ ਸਵਾਲਾਂ ਦੇ ਜਵਾਬ ਟੋਲਣ ਲਈ, ਆਉ ਇਸ ਪਉੜੀ ਅਤੇ ਇਸ ਦੇ ਆਲੇ ਦੁਆਲੇ ਦੀਆਂ ਦੋ ਚਾਰ ਪਉੜੀਆਂ ਦੇ ਦਰਸ਼ਣ ਕਰੀਏ । ਜੋ ਕਿ ਇਸ ਤਰਾਂ ਹਨ;

**"ਦੇਹਿ ਸ਼ਿਵਾ ਬਰ ਮੁਹਿ ਇਹੈ' ਦੇ ਕਵੀ ਦੇ 'ਇਸ਼ਟ' ਦੇ ਦਰਸ਼ਣ :. . . (ਪਉੜੀ ੨੨੭-੨੨੯)**

**(ਇਸ਼ਟ) . . . ਕਾਲਕਾ / ਚੰਡਕਾ / ਜਗਮਾਇ):**

॥ ਕਵਿਤ ॥ ਮਿਲਿ ਕੈ ਸੁ ਦੇਵਨ ਬਡਾਈ ਕਰੀ **ਕਾਲਕਾ** ਕੀ ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪ ਹੈ ॥ ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂੰ ਕੋ ਬਡੋ ਜਸ ਲੀਨੋ ਜਗ ਤੇਰੋ ਈ ਪ੍ਰਤਾਪੁ ਹੈ ॥ ਦੇਤ ਹੈ ਅਸੀਸ ਦਿਜ ਰਾਜ ਰਿਖ ਬਾਰਿ ਬਾਰਿ ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪ ਹੈ ॥ ਐਸੋ ਜਸੁ ਪੂਰ ਰਹਿਓ **ਚੰਡਕਾ** ਕੋ ਤੀਨ ਲੋਕ ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪ ਹੈ **॥੨੨੭॥**

ਸਵੈਈਆ॥ ਦੇਹਿ ਅਸੀਸ ਸਭੈ ਸੁਰ ਨਾਰਿ ਸੁ ਧਾਰਿ ਕੈ ਆਰਤੀ ਦੀਪ ਜਗਾਇਓ ॥ ਫੂਲ ਸੁਗੰਧ ਸੁ ਅੱਛਤ ਦੱਛਨ ਜੱਛਨ ਜੀਤ ਕੋ ਗੀਤ ਸੁ ਗਾਇਓ ॥ ਧੂਪ ਜਗਾਇਕੈ ਸੰਖ ਬਜਾਇਕੈ ਸੀਸ ਨਵਾਇਕੈ ਬੈਨ ਸੁਨਾਇਓ ॥ ਹੇ **ਜਗਮਾਇ** ਸਦਾ ਸੁਖਦਾਇ ਤੈ ਸੁੰਭ ਕੋ ਘਾਇ ਬਡੋ ਜਸੁ ਪਾਇਓ **॥੨੨੮॥**

ਸੱਕ੍ਰਹਿ ਸਾਜਿ ਸਮਾਜਿ ਦੈ ਚੰਡ ਸੁ ਮੋਦ ਮਹਾ ਮਨ ਮਹਿ ਰਈ ਹੈ ॥ ਸੂਰ ਸਸੀ ਥਾਪਿਕੈ ਤੇਜ ਦੈ ਆਪਿ ਤਹਾ ਤੇ ਸੁ ਲੋਪ ਭਈ ਹੈ ॥ ਬੀਚ ਅਕਾਸ਼ ਪ੍ਰਕਾਸ਼ ਬਡਿਓ ਤਹ ਕੀ ਉਪਮਾ ਮਨ ਤੈ ਨ ਗਈ ਹੈ ॥ ਧੂਰ ਕੈ ਪੂਰ ਮਲੀਨ ਹੁਤੋ ਰਵਿ ਮਾਨਹੁ **ਚੰਡਕਾ** ਓਪ ਦਈ ਹੈ **॥੨੨੯॥**

## ਚੰਡਕਾ ਦੇ ਵਿਅਕਤੀਗਤ ਦੇ ਦਰਸ਼ਣ; . . . (ਪਉੜੀ ੨੩੦):

ਜਿਸ ਨੂੰ ਕਿ "'ਦੇਹਿ **ਸ਼ਿਵਾ** ਬਰ ਮੁਹਿ ਇਹੈ" ਦਾ ਕਵੀ ਆਪਣੀ ਬੇਨਤੀ ਕਰਦਾ ਹੈ ॥. . **(ਨੋਟ ਕਰੋ ਜੀ: ਕਿ ਚੰਡਕਾ** ਦਾ ਵਿਅਕਤੀਗਤ "੧ਓਂ" ਦੇ ਵਿਅਕਤੀਗਤ ਦੇ ਲਾਗੇ ਸ਼ਾਗੇ ਵੀ ਨਹੀਂ)

ਪ੍ਰਥਮ ਮਧਕੈਤ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡ ਕਾ॥ ਧੂਮ੍ਰ ਦ੍ਰਿਗ ਧਰਨ ਧਰ ਧੂਰ ਪਾਨੀ ਕਰਨ ਚੰਡ ਅਰੁ ਮੁੰਡਕੇ ਮੰਡ ਖੰਡ ਖੰਡ ਕਾ ॥ ਰਕਤਬੀਰਜ ਹਰਨ ਰਕਤ ਭੱਛਨ ਕਰਨ ਦਰਨ ਅਨ ਸੁੰਭ ਰਨ ਰਾਰ ਰਿਸ ਮੰਡਕਾ ॥ ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ ਸਕਲ ਖਲੁ ਅਸੁਰ ਦਲੁ ਜੈਤ ਜੈ **ਚੰਡਕਾ (Chandika) ॥੨੩੦॥**

## ਕਵੀ ਦੀ ਬੇਨਤੀ: (ਪਉੜੀ ੨੩੧):

ਸਵੈਯਾ ॥ ਦੇਹਿ **ਸ਼ਿਵਾ (Shivaa)** ਬਰ ਮੁਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥ ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ ॥ ਅਰੁ ਸਿਖ ਹੋ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ **॥੨੩੧॥**

## ਕਵੀ ਦੀ ਆਪਣੀ ਕਵਿਤਾ ਦੀ ਸੁੰਦਰਤਾ ਅਤੇ ਕੁਆਲਿਟੀ ਦੀ ਸਿਫਤ: (ਪਉੜੀ ੨੩੨)

ਚੰਡ ਚਰਿਤ੍ਰ **ਕਵਿੱਤਨ (poems)** ਮੈ ਬਰਨਿਓ ਸਭਹੀ ਰਸ ਰੁਦ੍ਰ ਮਈ ਹੈ ॥ ਏਕ ਤੇ ਏਕ ਰਸਾਲ ਭਇਓ ਨਖ ਤੇ ਸਿਖ ਲਉ ਉਪਮਾ ਸੁ ਨਈ ਹੈ ਕਉਤਕ ਹੇਤ ਕਰੀ **ਕਵਿ** (Kavi-poet) **ਨੇ** ਸਤਿਸਯ ਕੀ ਕਥਾ ਇਹ ਪੂਰੀ ਭਈ ਹੈ ॥ ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ ॥੨੩੨॥

## ਕਵੀ ਦੇ ਆਖਰੀ (ਸੌ ਹਥ ਰੱਸਾ, ਸਿਰੇ ਤੇ ਗੰਢ) ਫੈਸਲੇ: . . . (ਪਉੜੀ ੨੩੩)

੧) ਕਵੀ ਦੇ ਹਥ ਵਾਲੇ ਸਤਿਸਯ ਗ੍ਰੰਥ ਦੇ ਬਰਾਬਰ (ਸਣੇ ਗੁਰੂ ਗ੍ਰੰਥ ਸਾਹਿਬ ਦੇ) ਕੋਈ ਹੋਰ ਗ੍ਰੰਥ ਨਹੀਂ ਹੈ ॥
੨) ਜਿਸ ਕਾਸੇ ਲਈ ਵੀ ਕਵੀ ਨੇ ਬੇਨਤੀ ਕੀਤੀ ਹੈ। ਉਹ, ਉਸ ਨੂੰ (ਗੁਰੂ ਗ੍ਰੰਥ ਸਾਹਿਬ ਵਾਲਾ '੧ਓਂ' ਨਹੀਂ, ਬਲਕਿ) ਚੰਡਿਕਾ/ਕਾਲਕਾ/ਸ਼ਿਵਾ/ਦੁਰਗਾ/ਜਗਮਾਇ ਪਰਦਾਨ ਕਰਦੀ ਹੈ ॥

**ਗ੍ਰੰਥ ਸਤਿਸਯ** ਕੋ ਕਰਿਓ **ਜਾ ਸਮ ਅਵਰੁ ਨ ਕੋਇ**॥ ਜਿਹ ਨਮਿੱਤ **ਕਵਿ** (Kavi) **ਨੇ ਕਹਿਓ ਸੁ ਦੇਹ ਚੰਡਕਾ** (Chandika) **ਸੋਇ** ॥੨੩੩॥

**ਲੇਖਕ ਦਾ ਨੋਟ: . . .** ਇਹ ਸਭ ਕੁਝ ਪੜ ਕੇ ਪਾਠਿਕ ਆਪ ਹੀ ਫੈਸਲਾ ਕਰ ਲੈਂਣ। ਕਿ, ਕੀ ਇਹ "'ਦੇਹਿ ਸ਼ਿਵਾ ਬਰ ਮੁਹਿ ਇਹੈ" ਦੇ ਚੰਡਿਕਾ/ਕਾਲਕਾ/ਸ਼ਿਵਾ/ਦੁਰਗਾ/ਜਗਮਾਇ ਪੂਜਕ ਕਵੀ, . . . **ਗੁਰੂ ਗੋਬਿੰਦ ਸਿੰਘ ਸਾਹਿਬ** ਹਨ?